Office of the
Deputy Magistrate, Sangrur
Telephone:+911672-234004 Email: dc.sgr@punjab.gov.in

ਦਫਤਰ
ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ
ਟੈਲੀਫੋਨ:+911672-234004 ਈਮੇਲ: dc.sgr@punjab.gov.in

(ਫੁਟਕਲ ਸ਼ਾਖਾ)
ਦਫਤਰੀ ਹੁਕਮ

ਨੰ: 66/ਐਮ.ਏ. ਮਿਤੀ 25/03/2020

ਪੰਜਾਬ ਰਾਜ ਵਿੱਚ ਕੋਵਿਡ-19 ਦੇ ਜੀਵਾਣੂ ਤੋਂ ਬੀਮਾਰੀ ਫੈਲਣ ਨੂੰ ਕੰਟਰੋਲ ਕਰਨ ਸਬੰਧੀ ਨਿਮਨਹਸਤਾਖਰ ਵੱਲੋ ਹੁਕਮ ਨੰਬਰ 54/ਐਮ.ਏ ਮਿਤੀ 23/03/2020 ਰਾਹੀਂ ਅਗਲੇ ਹੁਕਮਾਂ ਤੱਕ ਜਿਲ੍ਹਾ ਸੰਗਰੂਰ ਵਿਖੇ ਕਰਫਿਊ ਲਗਾਇਆ ਗਿਆ ਹੈ। ਇਸ ਬਿਮਾਰੀ ਨੂੰ ਫੈਲਣ ਤੋ ਰੋਕਣ ਲਈ ਸਰਕਾਰ ਵੱਲੋ ਪੱਤਰ ਮਿਤੀ 05/03/2020 ਰਾਂਹੀ Epidemic Disease Act, 1897 ਅਧੀਨ ਰੈਗੁਲੇਸ਼ਨ ਜਾਰੀ ਕੀਤੇ ਗਏ ਹਨ। ਨਿਮਨਹਸਤਾਖਰ ਵੱਲੋ ਲਗਾਏ ਗਏ ਇਸ ਕਰਫਿਊ ਦੌਰਾਨ ਜਿਲ੍ਹਾ ਸੰਗਰੂਰ ਦੇ ਵਸਨੀਕਾਂ ਦੀ ਸਹੂਲਤ ਅਤੇ ਸੁਰੱਖਿਅਤਾ ਨੂੰ ਮੁੱਖ ਰੱਖਦੇ ਹੋਏ ਦਫਤਰੀ ਹੁਕਮ ਨੰਬਰ 66/ਐਮ.ਏ ਮਿਤੀ 25/03/2020 ਰਾਂਹੀ ਕੁਝ ਐਮਰਜੈਂਸੀ ਸਿਹਤ ਸੇਵਾਵਾਂ ਨੂੰ ਇਸ ਕਰਫਿਊ ਦੌਰਾਨ ਛੋਟ ਦਿੱਤੀ ਗਈ ਸੀ।

ਪ੍ਰੰਤੂ ਮੈਡੀਕਲ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਮਨ ਅਨੁਸਾਰ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ (ਐਮਰਜੈਂਸੀ ਹਾਲਾਤਾਂ) ਨੂੰ ਉਨ੍ਹਾਂ ਦੀ ਦਵਾਈ ਲੈਣ ਦੀ ਜਗਾ ਤੱਕ/ ਹਸਪਤਾਲ ਤੱਕ ਅਤੇ ਵਾਪਿਸ ਆਪਣੇ ਘਰ ਆਉਣ ਦੀ ਇਜਾਜਤ ਦਿੱਤੀ ਜਾਂਦੀ ਹੈ:-

1. ਕੈਂਸਰ
2. ਡਾਇਲਸਿਸ
3. ਗਰਭਵਤੀ ਔਰਤਾਂ
4. ਸ਼ੂਗਰ ਦੇ ਮਰੀਜ਼ਾਂ
5. ਹਾਰਟ ਦੇ ਮਰੀਜ਼ (ਕਰੀਟੀਕਲ)
6. ਕੋਈ ਹੋਰ ਕਰੀਟੀਕਲ ਅਮੈਰਜੈਂਸੀ।

DISTRICT MAGISTRATE SANGRUR

ਨੋਟ:- ਸਮੂਹ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਨਾਲ ਜਾਣ ਵਾਲੇ 01 ਅਟੈਡੈਂਟ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਮਰੀਜ਼ ਦੀ ਬਿਮਾਰੀ ਸਬੰਧੀ ਸਾਰੇ ਡਾਕਟਰੀ ਦਸਤਾਵੇਜ਼ ਨਾਲ ਰੱਖਣਗੇ ਜੋ ਪੁਲਿਸ ਵੱਲੋ ਪੂਰਨ ਰੂਪ ਵਿੱਚ ਚੈਕ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਤਸੱਲੀ ਹੋਣ ਉਪਰੰਤ ਹੀ ਇਜ਼ਾਜਤ ਦਿੱਤੀ ਜਾਵੇਗੀ। ਜੇਕਰ ਕੋਈ ਵੀ ਵਿਅਕਤੀ ਇਸ ਅਧਿਕਾਰ ਦੀ ਗਲਤ ਵਰਤੋ ਕਰਦਾ ਪਕੜਿਆ ਜਾਂਦਾ ਹੈ ਤਾਂ ਉਸ ਦੇ ਖਿਲਾਫ ਧਾਰਾ 188 ਅਧੀਨ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਤੁਰੰਤ ਲਾਗੂ ਹੋਵੇਗਾ।

ਘਣਸ਼ਿਆਮ ਥੋਰੀ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

ਪਿੱਠ ਅੰਕਣ ਨੰ: 4541-60/ਐਮ.ਏ. ਮਿਤੀ 25/03/2020
ਇਸ ਦਾ ਇੱਕ ਉਤਾਰਾ:

2 ਸੀਨੀਅਰ ਕਪਤਾਨ ਪੁਲਿਸ, ਸੰਗਰੂਰ
3 ਵਧੀਕ ਜਿਲ੍ਹਾ ਮੈਜਿਸਟਰੇਟ ਸੰਗਰੂਰ।
4 ਚੀਫ ਜੁਡੀਸ਼ੀਅਲ ਮੈਜਿਸਟਰੇਟ ਸੰਗਰੂਰ।
5 ਸਮੂਹ ਜਿਲ੍ਹਾ ਮੈਜਿਸਟਰੇਟਸ ਪੰਜਾਬ ਰਾਜ।
6 ਸਮੂਹ ਉਪ ਮੰਡਲ ਮੈਜਿਸਟਰੇਟਸ/ਤਹਿਸੀਲਦਾਰ/ਨਾਇਬ ਤਹਿਸੀਲਦਾਰ ਜ਼ਿਲ੍ਹਾ ਸੰਗਰੂਰ
7 ਸਮੂਹ ਕਾਰਜਕਾਰੀ ਮੈਜਿਸਟਰੇਟ ਜ਼ਿਲ੍ਹਾ ਸੰਗਰੂਰ
8 ਸਮੂਹ ਕਾਰਜਸਾਧਕ ਅਫਸਰ ਨਗਰ ਕੌਂਸਲ (ਰਾਹੀਂ ਐਲ.ਐਫ.ਏ. ਸ਼ਾਖਾ)
9 ਸਮੂਹ ਬੀ.ਡੀ.ਪੀ.ਓਜ਼ (ਰਾਹੀਂ ਡੀ.ਡੀ.ਪੀ.ਓ. ਸੰਗਰੂਰ)
10 ਜ਼ਿਲ੍ਹਾ ਲੋਕ ਸੰਪਰਕ ਅਫਸਰ, ਸੰਗਰੂਰ
11 ਸਿਵਲ ਸਰਜਨ, ਸੰਗਰੂਰ।
12 ਪੀ.ਟੂ ਜ਼ਿਲ੍ਹਾ ਮੈਜਿਸਟਰੇਟ, ਸਟੈਨੋ ਟੂ ਵਧੀਕ ਜ਼ਿਲ੍ਹਾ ਮੈਜਿਸਟਰੇਟ/ਸਹਾਇਕ ਕਮਿਸ਼ਨਰ(ਜ/ਸ਼ਿ)

ਘਣਸ਼ਿਆਮ ਥੋਰੀ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

Scanned with CamScanner